## ਸਾਫ-ਸਫਾਈ

ਧੂੰਏ ਅਤੇ ਪਾਣੀ ਨਾਲ ਤੁਹਾਡੇ ਘਰ ਅਤੇ ਸਮੱਗਰੀ ਨੂੰ ਨੁਕਸਾਨ ਪੁੱਜ ਸਕਦਾ ਹੈ। ਜੇਕਰ ਤੁਹਾਡੇ ਕੋਲ ਇੰਸ਼ੋਰੈਂਸ ਹੈ, ਤਾਂ ਤੁਹਾਡਾ ਬੀਮਾ-ਕਰਤਾ / ਲੌਸ ਅਡਜਸਟਜਰ (ਇੰਸ਼ੋਰੈਂਸ ਕੰਪਨੀ ਦੁਆਰਾ ਤੁਹਾਡੇ ਕਲੇਮ ਦੀ ਵਿਵਸਥਾ ਕਰਨ ਲਈ ਨਿਯੁਕਤ ਵਿਅਕਤੀ) ਸਾਫ-ਸਫਾਈ ਅਤੇ ਪ੍ਰਾਪਰਟੀ ਨੂੰ ਨੁਕਸਾਨ ਤੋਂ ਬਚਾਉਣ, ਅਤੇ ਖਰਾਬ ਹੋਈਆਂ ਚੀਜ਼ਾਂ ਅਤੇ ਸਮੱਗਰੀ ਨੂੰ ਹਟਾਉਣ ਲਈ ਮਾਹਰ ਕੰਪਨੀਆਂ ਦਾ ਪ੍ਰਬੰਧ ਕਰਕੇ ਮਦਦ ਕਰ ਸਕਦਾ ਹੈ।

ਹੋ ਸਕਦਾ ਹੈ ਕਿ ਤੁਸੀਂ ਕੁਝ ਅਜਿਹੀਆਂ ਚੀਜ਼ਾਂ ਨੂੰ ਨੁਕਸਾਨ ਹੋਣ ਤੋਂ ਬਚਾ ਸਕੋ ਜਿਨ੍ਹਾਂ ਤੇ ਗਰਮੀ, ਧੂੰਏ ਜਾਂ ਪਾਣੀ ਦਾ ਅਸਰ ਪਿਆ ਹੋਵੇ ਪਰ ਵੈਸੇ ਉਹ ਕੰਮ ਕਰਨ ਦੀ ਸਥਿਤੀ ਵਿੱਚ ਹੋਣ। ਇਹ ਧਿਆਨ ਵਿੱਚ ਰੱਖੋ ਕਿ ਪ੍ਰਾਪਰਟੀ ਨੂੰ ਹੋਣ ਵਾਲਾ ਨੁਕਸਾਨ ਅਕਸਰ ਅੱਖਾਂ ਨਾਲ ਦਿਖਾਈ ਦੇਣ ਵਾਲੇ ਨੁਕਸਾਨ ਤੋਂ ਬਹੁਤੇਰਾ ਵੱਧ ਹੋ ਸਕਦਾ ਹੈ। ਧੂੰਆਂ ਅਤੇ ਸੂਤ ਦੂਜੇ ਕਮਰਿਆਂ ਵਿੱਚ ਜਾਕੇ ਦੀਵਾਰਾਂ, ਕਾਰਪੇਟ, ਸਜਾਵਟ ਦੀਆਂ ਚੀਜ਼ਾਂ, ਪਰਦਿਆਂ, ਕੱਪੜੀਆਂ ਅਤੇ ਹੋਰ ਵਸਤੂਆਂ ਤੇ ਅਸਰ ਪਾ ਸਕਦਾ ਹੈ।

ਸਾਫ-ਸਫਾਈ ਕਰਨ ਸੰਬੰਧੀ ਕੁਝ ਸੁਝਾਅ ਇੱਥੇ ਦਿੱਤੇ ਗਏ ਹਨ:

- ਹਵਾ ਨੂੰ ਆਉਣ-ਜਾਉਣ ਦਿਓ। ਖੇਤਰਾਂ ਨੂੰ ਹਵਾਦਾਰ ਕਰਨ ਲਈ ਖਿੜਕੀਆਂ ਖੋਲੋ। ਹਵਾ ਦਾ ਪ੍ਰਸਾਰ ਕਰਨ ਲਈ ਪੱਖੇ ਦੀ ਵਰਤੋਂ ਕਰੋ
- ਜਿੰਨੀ ਛੇਤੀ ਹੋ ਸਕੇ ਗਿੱਲੀਆਂ ਵਸਤੂਆਂ ਨੂੰ ਸੁੱਕਾ ਲਵੋ
- ਜਿਹੜੇ ਕੱਪੜੇ ਅਤੇ ਪਰਦੇ ਧੋਣਯੋਗ ਨਾ ਹੋਣ, ਉਨ੍ਹਾਂ ਦੀ ਡਰਾਈਕਲੀਨਿੰਗ ਕਰਾਓ
- ਆਮ ਕੱਪੜੀਆਂ ਨੂੰ ਗਰਮ ਪਾਣੀ ਵਿੱਚ ਡਿਟਰਜੈਂਟ ਪਾ ਕੇ ਧੋਵੋ
- ਦੀਵਾਰਾਂ, ਫਰਨੀਚਰ ਅਤੇ ਫਰਸ਼ ਤੋਂ ਸੂਤ ਅਤੇ ਧੂੰਏਂ ਨੂੰ ਸਾਫ ਕਰਨ ਲਈ, ਰਬੜ ਦੇ ਦਸਤਾਨੇ ਪਾਓ ਅਤੇ ਡਿਟਰਜੈਂਟ ਨਾਲ ਧੋਵੋ
- ਬਿਜਲੀ ਦੇ ਜਿਹੜੇ ਉਪਕਰਨ ਅੱਗ ਜਾਂ ਪਾਣੀ ਦੀ ਲਪੇਟ ਵਿੱਚ ਆ ਸਕਦੇ ਹੋਣ, ਉਨ੍ਹਾਂ ਨੂੰ ਵਰਤਣ ਤੋਂ ਪਹਿਲਾਂ ਇਨ੍ਹਾਂ ਦੀ ਜਾਂਚ ਕਿਸੇ ਇਲੈਕਟ੍ਰੀਸ਼ੀਅਨ ਜਾਂ ਅਧਿਕਾਰ-ਪ੍ਰਾਪਤ ਸੇਵਾ ਟੈਕਨੀਸ਼ੀਅਨ ਦੁਆਰਾ ਕੀਤੀ ਜਾਣੀ ਚਾਹੀਦੀ ਹੈ

## ਮਦਦ

ਜੇਕਰ ਤੁਹਾਡਾ ਕੋਈ ਪਰਿਵਾਰ, ਦੋਸਤ-ਮਿੱਤਰ ਜਾਂ ਗੁਆਂਢੀ ਨਹੀਂ ਹਨ ਜੋ ਤੁਹਾਡੀ ਮਦਦ ਕਰ ਸਕਦੇ ਹੋਣ, ਤਾਂ ਹੋ ਸਕਦਾ ਹੈ ਕਿ ਤੁਸੀਂ ਮਦਦ ਦੇ ਯੋਗ ਹੋਵੋ। ਹੇਠਾਂ ਦਿੱਤੀਆਂ ਸੰਸਥਾਵਾਂ ਮਦਦ ਪ੍ਰਦਾਨ ਕਰਨ ਵਿੱਚ ਸਮੱਰਥ ਹੋ ਸਕਦੀਆਂ ਹਨ:

**ਸਥਾਨਕ ਕੌਂਸਲ ਮਿਉਂਸਪਲ ਰਿਕਵਰੀ ਮੈਨੇਜਰ**
ਸਥਾਨਕ ਭਾਈਚਾਰਾ ਸਹਾਇਤਾ ਸੇਵਾਵਾਂ ਬਾਰੇ ਸਲਾਹ ਲਈ

**ਵਿਕਟੋਰੀਆਈ ਐਮਰਜੈਂਸੀ ਰਿਕਵਰੀ ਜਾਣਕਾਰੀ ਸੇਵਾ**
(ਸੰਕਟਕਾਲ ਵਿੱਚ ਮਦਦ ਸੰਬੰਧੀ)
**ਟੈਲੀਫੋਨ: 1300 799 232**

**ਰਿਹਾਇਸ਼ੀ ਅਤੇ ਸਮੁਦਾਇਕ ਇਮਾਰਤਾਂ ਦਾ ਦਫਤਰ (DHHS)**
ਸਰਕਾਰੀ ਰਿਹਾਇਸ਼ੀ ਕਿਰਾਏਦਾਰਾਂ ਲਈ
**ਟੈਲੀਫੋਨ: 13 11 72**
(24-ਘੰਟੇ ਦੀ ਸੇਵਾ)

**RSPCA**
**ਟੈਲੀਫੋਨ: 9224 2222**

**ਉਪਭੋਗਤਾ ਮਾਮਲਾ ਵਿਕਟੋਰੀਆ (Consumer AffairsVictoria)**
ਜੇਕਰ ਤੁਸੀਂ ਕਿਰਾਏ ਤੇ ਰਹਿੰਦੇ ਹੋਵੇ ਤਾਂ ਹੋ ਸਕਦਾ ਹੈ ਕਿ ਤੁਸੀਂ ਆਪਣੀ ਕਿਰਾਏਦਾਰੀ ਨੂੰ ਖਤਮ ਕਰਨ ਜਾਂ ਕਿਰਾਇਆ ਘੱਟ ਕਰਨ ਦੇ ਯੋਗ ਹੋਵੋ
**ਟੈਲੀਫੋਨ: 1300 558 181**

**ਸਲਾਹ-ਮਸ਼ਵਰੇ**
ਅਤੇ ਭਾਵਨਾਤਮਕ ਸਹਾਇਤਾ ਲਈ ਲਾਇਫਲਾਇਨ
**ਟੈਲੀਫੋਨ: 13 11 14**
(24-ਘੰਟੇ ਦੀ ਸੇਵਾ)

**ਅਨੁਵਾਦ ਅਤੇ ਦੋਭਾਸ਼ੀਆ ਸੇਵਾ**
**ਟੈਲੀਫੋਨ: 13 14 50**

**Centrelink**
(ਵਿਰਲੀ ਪਰਿਸਥਤੀਆਂ ਵਿੱਚ ਰਾਹਤ ਸੰਬੰਧੀ ਮਦਦ ਲਈ)
**ਟੈਲੀਫੋਨ: 13 28 50**

**cfa.vic.gov.au/afterthefire/**

## ਜਾਂਚ-ਸੂਚੀ

ਅੱਗ ਲੱਗਣ ਦੇ ਬਾਅਦ ਦੀ ਜਾਂਚ-ਸੂਚੀ:

- ☐ ਮੁੱਖੀਆ ਫਾਇਰ ਆਫਿਸਰ ਨਾਲ ਇਸ ਗੱਲ ਦੀ ਜਾਂਚ ਕਰੋ ਕਿ ਕੀ ਤੁਹਾਡਾ ਘਰ ਰਹਿਣ ਲਈ ਸੁਰੱਖਿਅਤ ਹੈ ਜਾਂ ਫਿਰ ਕੀ ਤੁਹਾਨੂੰ ਆਪਣਾ ਘਰ ਛੱਡ ਕੇ ਜਾਣਾ ਚਾਹੀਦਾ ਹੈ
- ☐ ਜੇਕਰ ਤੁਸੀਂ ਆਪਣੇ ਘਰ ਵਿੱਚ ਰਹਿ ਸਕਦੇ ਹੋ, ਤਾਂ ਗੈਸ, ਬਿਜਲੀ, ਪਾਣੀ ਅਤੇ ਟੈਲੀਫੋਨ ਪ੍ਰਦਾਤਾਵਾਂ ਨਾਲ ਰਿਕਨੇਕਸ਼ਨ ਬਾਰੇ ਸੰਪਰਕ ਕਰੋ
- ☐ ਕਨਟੇਨਟਸ ਅਤੇ ਬਿਲਡਿੰਗ ਇੰਸ਼ੋਰੈਂਸ (ਬੀਮਾ) ਸੰਬੰਧੀ ਸਲਾਹ ਲਈ ਆਪਣੀ ਇੰਸ਼ੋਰੈਂਸ ਕੰਪਨੀ ਨਾਲ ਸੰਪਰਕ ਕਰੋ
- ☐ ਜੇਕਰ ਤੁਸੀਂ ਕਿਰਾਏ ਦੇ ਘਰ ਵਿੱਚ ਰਹਿੰਦੇ ਹੋ, ਤਾਂ ਮਕਾਨਮਾਲਕ ਨੂੰ ਸੂਚਿਤ ਕਰੋ
- ☐ ਆਪਣੇ ਘਰ ਨੂੰ ਮੌਸਮੀ, ਗੁੰਡਪੁਣੇ ਜਾਂ ਚੋਰੀ ਕਰਕੇ ਹੋਣ ਵਾਲੇ ਨੁਕਸਾਨ ਤੋਂ ਸੁਰੱਖਿਅਤ ਕਰੋ

ਜੇਕਰ ਤੁਸੀਂ ਆਪਣਾ ਘਰ ਛੱਡ ਕੇ ਜਾ ਰਹੇ ਹੋ:

- ਕਿਸੇ ਹੋਰ ਥਾਂ ਤੇ ਠਹਿਰਣ ਦੀ ਵਿਵਸਥਾ ਕਰੋ
- ਆਪਣੇ ਲਈ ਲੋੜੀਂਦੀਆਂ ਨਿਜੀ ਵਸਤੂਆਂ ਨੂੰ ਨਾਲ ਲੈ ਕੇ ਜਾਉ (ਇਸ ਪਰਚੇ ਵਿੱਚ ਸੁਝਾਅ ਦੇ ਤੌਰ 'ਤੇ ਦਿੱਤੀ ਸੂਚੀ ਦੇਖੋ)
- ਸੇਵਾਵਾਂ ਰੱਦ ਕਰਨ ਲਈ ਗੈਸ, ਬਿਜਲੀ, ਪਾਣੀ ਅਤੇ ਟੈਲੀਫੋਨ ਪ੍ਰਦਾਤਾਵਾਂ ਨਾਲ ਸੰਪਰਕ ਕਰੋ
- ਡਿਲੀਵਰੀ ਸੰਬੰਧੀ ਸਾਰੀਆਂ ਸੇਵਾਵਾਂ (ਜਿਵੇਂ ਕਿ ਡਾਕ ਨੂੰ ਰੀਡਾਇਰੈਕਟ ਕਰਨ ਲਈ Australia Post, ਅਖਬਾਰਾਂ) ਰੱਦ ਕਰੋ
- ਰੋਜ਼ਗਾਰਦਾਤਾ, ਬੱਚਿਆਂ ਦੇ ਸਕੂਲ, ਇੰਸ਼ੋਰੈਂਸ ਕੰਪਨੀ ਅਤੇ ਗੁਆਂਢੀਆਂ ਵਰਗੇ ਮਹੱਤਵਪੂਰਣ ਸੰਪਰਕਾਂ ਨੂੰ ਆਪਣੇ ਪਤਾ ਬਦਲਣ ਦੀ ਸੂਚਨਾ ਦਿਓ
- ਸਥਾਨਕ ਪੁਲਿਸ ਨੂੰ ਸੰਪਰਕ ਕਰੋ। ਉਨ੍ਹਾਂ ਨੂੰ ਇਹ ਸੂਚਨਾ ਦਿਓ ਕਿ ਤੁਹਾਡੀ ਪ੍ਰਾਪਰਟੀ ਵਿੱਚ ਅੱਗ ਲੱਗੀ ਹੈ ਅਤੇ ਉਹ ਖਾਲੀ ਹੈ

P049 4/16

# ਅੱਗ ਲੱਗਣ ਦੇ ਬਾਅਦ

ਇਸ ਜਾਣਕਾਰੀ ਨਾਲ ਅੱਗ ਲੱਗਣ ਦੇ ਬਾਅਦ ਦੀ ਸਥਿਤੀ ਵਿੱਚ ਤੁਹਾਨੂੰ ਮਦਦ ਮਿਲੇਗੀ।



**ਅਨੁਵਾਦ ਅਤੇ ਦੋਭਾਸ਼ੀਆ ਸੇਵਾ ਟੈਲੀਫੋਨ: 13 14 50**

## ਕੀ ਆਪਣੇ ਘਰ ਵਿੱਚ ਰਹਿਣਾ ਸੁਰੱਖਿਅਤ ਹੈ?

ਅੱਗ ਲੱਗਣ ਜਾਂ ਕਿਸੇ ਐਮਰਜੇਂਸੀ ਦੇ ਬਾਅਦ, ਹੋ ਸਕਦਾ ਹੈ ਕਿ ਤੁਹਾਡੇ ਲਈ ਆਪਣੇ ਘਰ ਵਿੱਚ ਰਹਿਣਾ ਸੁਰੱਖਿਅਤ ਨਾ ਹੋਵੇ। ਮੁੱਖੀਆ ਫਾਇਰ ਆਫਿਸਰ ਤੁਹਾਨੂੰ ਇਹ ਸਲਾਹ ਦਵੇਗਾ ਕਿ ਕੀ ਅਜਿਹਾ ਕਰਨਾ ਸੁਰੱਖਿਅਤ ਹੈ ਜਾਂ ਨਹੀਂ। ਕੁਝ ਪਰਿਸਥਿਤੀਆਂ ਵਿੱਚ, ਆਫਿਸਰ ਨੂੰ ਇਮਾਰਤ ਦੀ ਸੁਰੱਖਿਆ ਦਾ ਮੁਲਾਂਕਣ ਕਰਨ ਲਈ ਲੋਕਲ ਕੌਂਸਲ ਬਿਲਡਿੰਗ ਇੰਸਪੈਕਟਰ ਨੂੰ ਫੋਨ ਕਰਨ ਦੀ ਲੋੜ ਪੈ ਸਕਦੀ ਹੈ।

## ਗੈਸ, ਬਿਜਲੀ, ਪਾਣੀ ਅਤੇ ਟੈਲੀਫੋਨ

ਅੱਗ ਲੱਗਣ ਕਰਕੇ, ਹੋ ਸਕਦਾ ਹੈ ਕਿ ਗੈਸ, ਬਿਜਲੀ, ਪਾਣੀ ਦੀ ਸਪਲਾਈ ਦੀਆਂ ਜਾਂ ਟੈਲੀਫੋਨ ਦੀਆਂ ਲਾਈਨਾਂ ਨੂੰ ਨੁਕਸਾਨ ਹੋਇਆ ਹੋਵੇ, ਇਹ ਤਬਾਹ ਹੋ ਗਈਆਂ ਹੋਣ ਜਾਂ ਇਨ੍ਹਾਂ ਨੂੰ ਫਾਇਰ ਬ੍ਰਿਗੇਡ ਜਾਂ ਇਨ੍ਹਾਂ ਸੇਵਾਵਾਂ ਦੇ ਪ੍ਰਦਾਤਾ ਨੇ ਡਿਸਕਨੈਕਟ ਕਰ ਦਿੱਤਾ ਹੋਵੇ।

ਇਹ ਮਾਲਕ ਦੀ ਜ਼ੁੰਮੇਵਾਰੀ ਹੈ ਕਿ ਉਹ ਕਿਸੇ ਯੋਗ ਕਾਰੀਗਰ ਤੋਂ ਸੇਵਾਵਾਂ ਦੀ ਜਾਂਚ ਅਤੇ ਮੁਰੰਮਤ ਕਰਾਏ ਅਤੇ ਪ੍ਰਦਾਤਾ ਦੁਆਰਾ ਰੀਕਨੇਕਟ ਕਰਾਏ।



## ਪ੍ਰਾਪਰਟੀ ਦੀ ਸੁਰੱਖਿਆ




ਐਮਰਜੇਂਸੀ ਸੇਵਾਵਾਂ ਵਲੋਂ ਆਪਣਾ ਕੰਮ ਖਤਮ ਕੀਤੇ ਜਾਣ ਬਾਅਦ, ਪ੍ਰਾਪਰਟੀ ਦੀ ਜ਼ੁੰਮੇਵਾਰੀ ਤੁਹਾਨੂੰ ਵਾਪਸ ਦੇ ਦਿੱਤੀ ਜਾਵੇਗੀ।

ਇਸਤੋਂ ਬਾਅਦ ਪ੍ਰਾਪਰਟੀ ਦੀ ਸੁਰੱਖਿਆ ਦੀ ਜ਼ੁੰਮੇਵਾਰੀ ਤੁਹਾਡੀ ਹੈ।

ਹੋ ਸਕਦਾ ਹੈ ਕਿ ਤੁਹਾਡੀ ਪ੍ਰਾਪਰਟੀ ਨੂੰ ਅੱਗੇ ਮੌਸਮ, ਚੋਰੀ ਅਤੇ ਗੁੰਡਪੁਣੇ ਤੋਂ ਹੋਣ ਵਾਲੇ ਨੁਕਸਾਨ ਤੋਂ ਬਚਾਉਣ ਦੀ ਲੋੜ ਹੋਵੇ। ਤੁਹਾਡੇ ਲਈ ਆਪਣੇ ਘਰ ਨੂੰ ਸੁਰੱਖਿਅਤ ਕਰਨ ਵਾਸਤੇ ਕਿਸੇ ਸ਼ਟਰ ਅਤੇ/ਜਾਂ ਅਸਥਾਈ ਫੇਂਸ (ਬਾੜ) ਦੇ ਪ੍ਰਦਾਤਾ ਨੂੰ ਨਿਯੁਕਤ ਕਰਨਾ ਜ਼ਰੂਰੀ ਹੋ ਸਕਦਾ ਹੈ।


ਜੇਕਰ ਤੁਸੀਂ ਕਿਸੇ ਕਿਰਾਏ ਦੇ ਘਰ ਵਿੱਚ ਰਹਿੰਦੇ ਹੋ, ਤਾਂ ਤੁਹਾਨੂੰ ਰੀਅਲ ਐਸਟੇਟ ਏਜੰਟ ਜਾਂ ਵਾਲੀ/ਮਕਾਨਮਾਲਕ ਨੂੰ ਸੂਚਿਤ ਕਰਨਾ ਚਾਹੀਦਾ ਹੈ ਤਾਂਜੋ ਘਰ ਨੂੰ ਸੁਰੱਖਿਅਤ ਕੀਤਾ ਜਾ ਸਕੇ।

ਇਸ ਗੱਲ ਤੋਂ ਜਾਣੂ ਰਹੋ ਕਿ ਐਮਰਜੇਂਸੀ ਬਾਅਦ ਤੁਹਾਡੇ ਘਰ ਨੂੰ ਜੇਕਰ ਅਜਿਹਾ ਨੁਕਸਾਨ ਪੁੱਜਦਾ ਹੈ ਜੋ ਤੁਹਾਡੀ ਪ੍ਰਾਪਰਟੀ ਨੂੰ ਸੁਰੱਖਿਅਤ ਨਾ ਕੀਤੇ ਜਾਣ ਕਰਕੇ ਹੋਇਆ ਹੋਵੇ, ਤਾਂ ਇੰਸ਼ੋਰੈਂਸ ਕੰਪਨੀ ਇਸਦੇ ਕਲੇਮ ਤੋਂ ਇਨਕਾਰ ਕਰ ਸਕਦੀ ਹੈ। ਤੁਹਾਡੀ ਇੰਸ਼ੋਰੈਂਸ ਕੰਪਨੀ ਤੁਹਾਡੀ ਪ੍ਰਾਪਰਟੀ ਨੂੰ ਸੁਰੱਖਿਅਤ ਕਰਨ ਵਿੱਚ ਮਦਦ ਦੇਣ ਯੋਗ ਹੋ ਸਕਦੀ ਹੈ।

## ਇੰਸ਼ੋਰੈਂਸ (ਬੀਮਾ)

ਜੇਕਰ ਤੁਹਾਡੇ ਕੋਲ ਪ੍ਰਾਪਰਟੀ ਜਾਂ ਕਨਟੇਨਟਸ ਇੰਸ਼ੋਰੈਂਸ ਹੈ, ਤਾਂ ਤੁਹਾਨੂੰ ਅੱਗ ਲੱਗਣ ਤੋਂ ਬਾਅਦ ਜਿਨ੍ਹੀ ਛੇਤੀ ਸੰਭਵ ਹੋ ਸਕੇ ਆਪਣੀ ਇੰਸ਼ੋਰੈਂਸ ਕੰਪਨੀ ਨਾਲ ਗੱਲਬਾਤ ਕਰਨੀ ਚਾਹੀਦੀ ਹੈ।

- ਤੁਹਾਨੂੰ ਜਿਹੜੇ ਕਦਮ ਚੁੱਕਣੇ ਚਾਹੀਦੇ ਹਨ, ਉਨ੍ਹਾਂ ਬਾਰੇ ਸਲਾਹ ਲਈ ਆਪਣੇ ਬੀਮਾ-ਕਰਤਾ ਤੋਂ ਪੁੱਛੋ
- ਆਪਣੀ ਇੰਸ਼ੋਰੈਂਸ ਕੰਪਨੀ ਨਾਲ ਸਲਾਹ-ਮਸ਼ਵਰਾ ਕੀਤੇ ਬਿਨਾਂ ਨੁਕਸਾਨ ਪੁੱਜੀਆਂ ਚੀਜ਼ਾਂ ਨੂੰ ਨਾ ਸੁੱਟੋ ਜਾਂ ਨਿਪਟਾਰਾ ਨਾ ਕਰੋ
- ਜਿਹੜੀਆਂ ਚੀਜ਼ਾਂ ਖਰਾਬ ਹੋਈਆਂ ਹੋਣ, ਉਨ੍ਹਾਂ ਦੀ ਸੂਚੀ ਬਣਾਓ ਅਤੇ ਜੇਕਰ ਸੰਭਵ ਹੋਵੇ ਤਾਂ ਇਨ੍ਹਾਂ ਦੀਆਂ ਫੋਟਵਾਂ ਖਿੱਚੋ
- ਕਿਸੇ ਐਮਰਜੇਂਸੀ ਮੁਰੰਮਤ ਦੇ ਕੰਮ ਦੀਆਂ ਰਸੀਦਾਂ ਸਾਂਭ ਕੇ ਰੱਖੋ
- ਇਹ ਪਤਾ ਕਰਨ ਲਈ ਆਪਣੀ ਇੰਸ਼ੋਰੈਂਸ ਕੰਪਨੀ ਨਾਲ ਜਾਂਚ ਕਰੋ ਕਿ ਕੀ ਤੁਹਾਡੀ ਪਾਲਸੀ ਐਮਰਜੇਂਸੀ ਰਿਹਾਇਸ਼ ਪ੍ਰਦਾਨ ਕਰਦੀ ਹੈ ਜਾਂ ਨਹੀਂ



## ਜੇਕਰ ਤੁਸੀਂ ਆਪਣੇ ਘਰ ਵਿੱਚ ਨਾ ਰੁੱਕ ਸਕੋ ਤਾਂ

ਆਪਣਾ ਘਰ ਛੱਡਣ ਤੋਂ ਪਹਿਲਾਂ, ਮੁੱਖੀਆ ਫਾਇਰ ਆਫਿਸਰ ਨਾਲ ਇਹ ਜਾਂਚ ਕਰੋ ਕਿ ਘਰ ਵਿੱਚ ਆਉਣਾ ਸੁਰੱਖਿਅਤ ਹੈ। ਜੇਕਰ ਅਜਿਹਾ ਕਰਨਾ ਸੁਰੱਖਿਅਤ ਹੈ, ਤਾਂ ਇਹ ਸੁਝਾਅ ਦਿੱਤਾ ਜਾਂਦਾ ਹੈ ਕਿ ਤੁਸੀਂ ਹੇਠਾਂ ਦਿੱਤੀਆਂ ਵਸਤੂਆਂ ਆਪਣੇ ਨਾਲ ਲੈ ਜਾਓ:

- ਪਛਾਣ-ਦਸਤਾਵੇਜ਼ – ਜਿਵੇਂ ਕਿ ਡ੍ਰਾਇਵਰ ਲਾਇਸੰਸ, Medicare ਕਾਰਡ, ਪਾਸਪੋਰਟ
- ਬੀਮਾ ਸੰਪਰਕ ਵੇਰਵੇ ਅਤੇ ਪਾਲਸੀਆਂ
- ਕ੍ਰੇਡਿਟ ਕਾਰਡ, ਚੈੱਕ ਬੁੱਕ
- ਦਵਾਈਆਂ ਅਤੇ ਪ੍ਰਿਸਕ੍ਰਿਪਸ਼ਨਾਂ (ਜਿਹੜੀ ਦਵਾਈ ਤੇ ਗਰਮੀ ਅਤੇ ਧੂੰਏਂ ਦਾ ਅਸਰ ਪਿਆ ਹੋਵੇ, ਉਸਨੂੰ ਸੁੱਟ ਦਿਓ)
- ਨਿਜੀ ਲੋੜ ਦੇ ਸਾਧਨ – ਮੋਬਿਲਟੀ ਏਡ, ਚਸ਼ਮੇ, ਹੇਅਰਿੰਗ ਏਡ, ਆਦਿ
- ਕੀਮਤੀ ਸਮਾਨ – ਨਿਜੀ ਚੀਜ਼ਾਂ ਜਿਵੇਂ ਕਿ ਗਹਿਣੇ, ਫੋਟਵਾਂ, ਨਕਦ, ਲੈਪਟਾਪ ਆਦਿ
- ਕਾਨੂੰਨੀ ਦਸਤਾਵੇਜ਼
- ਕਾਰ ਅਤੇ ਘਰ ਦੀਆਂ ਚਾਬੀਆਂ
- ਮੋਬਾਇਲ ਫੋਨ ਅਤੇ ਚਾਰਜਰ

## ਕਿੱਥੇ ਠਹਿਰਨਾ ਚਾਹੀਦਾ ਹੈ

ਜੇਕਰ ਤੁਸੀਂ ਆਪਣੀ ਪ੍ਰਾਪਰਟੀ ਵਿੱਚ ਨਹੀਂ ਰੁੱਕ ਸਕਦੇ ਹੋ, ਤਾਂ ਜਦੋਂ ਤਕ ਸਥਾਈ ਪ੍ਰਬੰਧ ਨਹੀਂ ਕੀਤੇ ਜਾਂਦੇ, ਤਦੋਂ ਤਕ ਆਪਣੇ ਪਰਿਵਾਰ, ਦੋਸਤਾਂ-ਮਿੱਤਰਾਂ ਜਾਂ ਗੁਆਢੀਆਂ ਨਾਲ ਰਹਿਣਾ ਸਭ ਤੋਂ ਵਧੀਆ ਵਿਕਲਪ ਹੁੰਦਾ ਹੈ। ਹੋ ਸਕਦਾ ਹੈ ਕਿ ਕੁਝ ਇੰਸ਼ੋਰੈਂਸ ਪਾਲਸੀਆਂ ਵੀ ਤੁਹਾਨੂੰ ਰਿਹਾਇਸ਼ ਦੇ ਖਰਚੇ ਲਈ ਕਵਰ (ਸੁਰੱਖਿਆ ਪ੍ਰਦਾਨ) ਕਰਨ।